ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ:ਪਸਸਬ-ਸਸ(ਕਸ)2024/1569—1570 ਮਿਤੀ 2.2.2024 ਐਸ.ਏ.ਐਸ.ਨਗਰ

ਵਿਸ਼ਾ:- **ਦਸਵੀਂ ਅਤੇ** ਬਾਰਵੀਂ **ਸ਼੍ਰੇਣੀ ਫਰਵਰੀ/ਮਾਰਚ** 2024 ਦੀ **ਸਲਾਨਾ** ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ਼੍ਰੀਮਾਨ ਜੀ,

1. **ਦਸਵੀਂ ਅਤੇ** ਬਾਰਵੀਂ **ਸ਼੍ਰੇਣੀ ਫਰਵਰੀ/ਮਾਰਚ** 2024 ਦੀ **ਸਲਾਨਾ** ਪ੍ਰੀਖਿਆ ਮਿਤੀ 13.2.2024 ਤੋਂ 30.3.2024 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਮਿਤੀ 5.2.2024 ਤੋਂ 8.2.2024 ਤੱਕ ਪ੍ਰਿੰਸ਼ੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ **ਆਪਣੀ ਹਾਜਰੀ ਵਿੱਚ ਚਲਾਨ ਨਾਲ ਮਿਲਾਨ ਕਰਵਾ ਕੇ** ਬੈਂਕ ਵਿੱਚ ਰਖਵਾਉਣਗੇ। **ਕੇਵਲ ਕੇਂਦਰ ਕੰਟਰੋਲਰ ਕਮ ਪ੍ਰਿੰਸੀਪਲ ਹੀ ਬੈਂਕ ਵਿੱਚੋਂ ਪ੍ਰਸ਼ਨ ਪੱਤਰ ਪ੍ਰਾਪਤ ਕਰਨਗੇ।**
3. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ **ਪ੍ਰਸ਼ਨ ਪੱਤਰ ਪ੍ਰਾਪਤ ਕਰਨ/ਬੈਂਕ ਵਿੱਚ ਰਖਵਾਉਣ ਸਮੇਂ ਹੀ ਸੁਪਰਡੰਟ** (ਕ.ਸ/ਕੰਨਫੀ.) ਦੇ **ਮੋਬਾਇਲ ਨੰਬਰ** 9855251052, 0172-5227333 **ਅਤੇ ਈ-ਮੇਲ ਆਈ ਡੀ.** conductpseb@gmail.com **ਤੇ** ਮੁੱਖ ਦਫਤਰ ਨੂੰ **ਤੁਰੰਤ** ਸੂਚਿਤ ਕੀਤਾ ਜਾਵੇ।
4. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ (**ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ**) ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ **ਅਤੇ ਇਸ ਦੀ ਕਾਪੀ ਬੈਂਕ ਵਿੱਚ ਅਤੇ ਜਿਲੇ ਨਾਲ ਸਬੰਧਤ ਸਹਾਇਕ ਦੇ ਮੁਬਾਇਲ** / whatsapp **ਗਰੁੱਪ ਤੇ ਭੇਜੇਗਾ।**
5. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ **ਸਵੇਰੇ** 9.30 **ਵਜੇ** (ਪ੍ਰੀਖਿਆ ਵਾਲੇ ਦਿਨ) ਪ੍ਰਿੰਸੀਪਲ **ਕਮ ਕੇਂਦਰ ਕੰਟਰੋਲਰਜ਼ ਵੱਲੋਂ ਹੀ ਬੈਂਕ ਤੋਂ** ਪ੍ਰਾਪਤ **ਕੀਤੇ** ਜਾਣ । ਨਾ ਟਾਲਣਯੋਗ ਹਲਾਤਾਂ ਵਿੱਚ **ਜੇਕਰ ਕੋਈ ਡਿਊਟੀ ਸੌਂਪੀ ਜਾਣੀ ਹੈ ਤਾਂ ਸੀਨੀਅਰ ਮੋਸਟ ਲੈਕਚਰਾਰ/ਅਧਿਆਪਕ ਨੂੰ ਸੌਂਪੀ ਜਾਵੇ। ਇਸ ਲਈ ਪ੍ਰਤੀ ਬੇਨਤੀ** deoportal2019@gmail.com **ਤੇ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ ਤੇ ਭੇਜ ਕੇ ਪ੍ਰਵਾਨਗੀ ਲਈ ਜਾਵੇ। ਇਸ ਸਬੰਧੀ ਨਾਲ ਨੱਥੀ ਸੂਚੀ ਅਨੁਸਾਰ ਆਪਣੇ ਜਿਲ੍ਹੇ ਨਾਲ ਸਬੰਧਤ ਡੀਲਿੰਗ ਸੁਪਰਡੰਟ ਅਤੇ ਸਹਾਇਕ ਨਾਲ ਸੰਪਰਕ ਕੀਤਾ ਜਾਵੇ।**
6. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣ, **ਟਰੰਕ ਦੇ ਇੱਕ ਤਾਲੇ ਦੀ ਚਾਬੀ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪਾਸ ਅਤੇ ਦੂਜੇ ਤਾਲੇ ਦੀ ਚਾਬੀ ਬੈਂਕ ਮੈਨੇਜਰ ਕੋਲ ਹੀ ਰੱਖੀ ਜਾਵੇ।**
7. ਡੇਟਸ਼ੀਟ ਅਨੁਸਾਰ ਪ੍ਰਸ਼ਨ ਪੱਤਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ, **ਬੈਂਕ ਵਿੱਚੋਂ ਪ੍ਰਸ਼ਨ ਪੱਤਰਾਂ ਦਾ ਪੈਕਟ ਪ੍ਰਾਪਤ ਕਰਦੇ ਸਮੇਂ ਦਰਜ ਵਿਸ਼ਾ/ਵਿਸ਼ਾ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ ਅਤੇ ਸੀਲਡ ਪ੍ਰਸ਼ਨ ਪੱਤਰ ਪੈਕਟ ਦੀ ਫੋਟੋ ਸਬੰਧਤ ਸੀਨੀਅਰ ਸਹਾਇਕ ਨਾਲ ਕੇਂਦਰ ਕੰਟਰੋਲਰਜ਼ ਦੇ ਬਣੇ** whats app **ਗਰੁੱਪ ਵਿੱਚ ਭੇਜੀ ਕੀਤੀ ਜਾਵੇ। ਬੈਂਕ ਵਿੱਚ ਰੱਖੇ ਰਜਿਸਟਰ ਵਿੱਚ ਵਿਸ਼ੇ ਦਾ ਨਾਂ ਅਤੇ ਵਿਸ਼ਾ ਕੋਡ ਨੰਬਰ, ਸਮਾਂ/ਮਿਤੀ ਵੀ ਦਰਜ ਕੀਤਾ ਜਾਵੇ** ਅਤੇ ਹਸਤਾਖਰ ਵੀ ਕੀਤੇ ਜਾਣ, ਬੈਂਕ ਤੋਂ ਰਸੀਦ ਵੀ ਲਈ ਜਾਵੇ।
8. ਕੇਂਦਰ ਕੰਟਰੋਲਰ ਪ੍ਰੀਖਿਆ ਕੇਂਦਰ ਵਿੱਚ ਦਸਵੀਂ / ਬਾਰਵੀਂ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ **ਬਣਾਉਣਗੇ ਅਤੇ ਕੇਂਦਰ ਸੁਪਰਡੰਟ ਨੂੰ ਸੌਂਪਣ ਸਮੇਂ ਦੀ ਫੋਟੋ ਸਬੰਧਤ ਡੀਲਿੰਗ ਸਹਾਇਕ ਨਾਲ ਬਣਾਏ** whats app **ਗਰੁੱਪ ਵਿੱਚ ਭੇਜੀ ਜਾਵੇ।**

ਪਰਤੋ ਜੀ...

9 ਕੋਵਿਡ-19 ਸਬੰਧੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

10. ਇਸ ਕਾਰਜ ਲਈ ਆਪਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸਬੰਧਤ ਸੁਪਰਡੈਂਟਜ਼ ਅਤੇ ਜਿਲਾ ਡੀਲਿੰਗ ਸਹਾਇਕਾਂ ਨਾਲ ਸੰਪਰਕ ਕੀਤਾ ਜਾਵੇ। ਜਿਲਾ ਡੀਲਿੰਗ ਸਹਾਇਕਾਂ ਦੀ ਲਿਸਟ ਨੱਥੀ ਹੈ।

ਨੱਥੀ: ਡੇਟਸ਼ੀਟ

ਸਹੀ/
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

ਪਿੱਠ ਅੰਕਣ ਨੰ:ਪਸਸਬ-ਸਸ(ਕਸ)2024/1569-1570ਮਿਤੀ ..2.2.2024ਐਸ.ਏ.ਐਸ.ਨਗਰ

ਉਤਾਰਾ: ਸਮੂਹ ਜਿਲਾ ਸਿੱਖਿਆ ਅਫਸਰ /ਮੈਨੇਜਰ , ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।
2024